222

# ਸ਼ੀਰਾਜ਼ਾ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** R.N. No. 28873/76 September-October, 2020

**(Punjabi)**

ਸਾਲ : 51 ਅੰਕ : 6 ਕੁਲ ਅੰਕ : 222

*Editor-in-chief*

**Munir-ul-Islam**

*Editor*

**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਮੋਬਾਇਲ : 9906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ— 180 001

*Publisher* : **Secretary, J&K Academy of Art, Culture and Languages JAMMU- 180 001**

ਛਾਪਕ : ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ
ਦੂਰਭਾਸ਼ — (01923)-220243, 94191-49293

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਤਤਕਰਾ


- ਆਲੇਖ
  - ਲੋਕ, ਕੰਧ-ਚਿੱਤਰ ਕਲਾ (ਕਸ਼ਮੀਰ-ਖੇਤਰ)/ਕੰਵਲ ਕਸ਼ਮੀਰੀ/1
  - ਵਰਿੰਦਰ ਵਾਲੀਆ ਦੀ ਕਥਾਕਾਰੀ/ਡਾ. ਨਰੇਸ਼ ਕੁਮਾਰ/12
  - ਪੰਜਾਬੀ ਭਾਸ਼ਾ : ਵਰਤਮਾਨ ਪਰਿਪੇਖ ਦੇ ਸੰਦਰਭ ਵਿਚ/ਡਾ. ਬਿਮਲੇਸ਼ ਕੁਮਾਰ ਗੁਪਤਾ/19
  - ਪੋਤੜਿਆਂ ਵਿਚਲਾ ਦਰਦ/ਰਤਨ ਸਿੰਘ ਕੰਵਲ (ਪਹਿਲਗਾਮੀ)/26
  - ਜਗਜੀਤ ਸਿੰਘ ਕੋਮਲ ਦੇ ਨਾਟਕਾਂ ਵਿਚ ਪੇਸ਼ ਥੀਮਕ ਇਕਾਈਆਂ/ਡਾ. ਸਿਮਰਜੀਤ ਕੌਰ/35
  - ਜੰਮੂ-ਕਸ਼ਮੀਰ ਦੀ ਪੰਜਾਬੀ ਕਹਾਣੀ : ਵਰਤਮਾਨ ਤੇ ਭਵਿੱਖ/ਡਾ. ਹਰਭਜਨ ਸਿੰਘ/41
  - ਕਿਰਪਾਲ ਸਿੰਘ ਕਸਾਲੀ ਰਚਿਤ ਨਾਟਕ "ਨੱਚਾਂਗੀ ਸਾਰੀ ਰਾਤ" ਅਜੋਕਾ ਪ੍ਰਸੰਗ/ਡਾ. ਹਰਜੀਤ ਕੌਰ/48
  - ਗੁਰਸੇਵਕ ਲੰਬੀ ਦੀ ਵਾਰਤਕ : ਸਮਾਜ-ਸਭਿਆਚਾਰਕ ਸਰੋਕਾਰ/ਡਾ. ਹਰਜਿੰਦਰ ਸਿੰਘ/53
  - ਕਾਫਲਾ ਤੁਰਦਾ ਗਿਆ—ਇੱਕ ਮੁਲਾਂਕਣ/ਪ੍ਰੋ. ਪ੍ਰਵਿੰਦਰ ਕੌਰ/65
  - ਪੰਜਾਬੀ ਵਾਰਤਕ : ਇਤਿਹਾਸਕ ਪਰਿਪੇਖ/ਡਾ. ਹਰਵਿੰਦਰ ਕੌਰ ਢਿੱਲੋਂ/70
  - ਪੰਜਾਬੀ ਅਖਾਣਾਂ ਵਿੱਚ ਜਾਤ-ਪ੍ਰਬੰਧ : ਸਮਾਜ-ਸ਼ਾਸਤਰੀ ਅਧਿਐਨ/ਪ੍ਰੋ. ਗੁਰਸ਼ਰਨ ਸਿੰਘ/76
  - ਸਵਰਾਜਬੀਰ ਦੇ ਨਾਟਕ—ਇਕ ਅਧਿਐਨ/ਦਿਸ਼ਪ੍ਰੀਤ ਕੌਰ/87
  - ਪ੍ਰਗਤੀਵਾਦੀ ਪੰਜਾਬੀ ਨਾਟਕ : ਪੁਨਰ-ਮੁਲਾਂਕਣ/ਡਾ. ਸੁਖਵੀਰ ਕੌਰ ਸੁਖਨ/96
- ਸਫਰਨਾਮਾ
  - ਸ੍ਰੀ ਹਜ਼ੂਰ ਸਾਹਿਬ ਨੰਦੇੜ/ਡਾ. ਜਸਬੀਰ ਸਿੰਘ ਸਰਨਾ/108
- ਵਿਅੰਗ
  - ਸਨਮਾਨ ਜ਼ਰੂਰੀ ਹੈ/ਫ਼ਕੀਰ ਚੰਦ ਸ਼ੁਕਲਾ/118
- ਕਹਾਣੀਆਂ
  - ਅਤੀਤ ਦੇ ਪਰਛਾਵੇਂ/ਦੀਦਾਰ ਸਿੰਘ/123
  - ਮਨ ਅਤੇ ਮਰਿਯਾਦਾ/ਡਾ. ਸ਼ਾਨ ਕਸ਼ਮੀਰੀ (ਡੀ. ਲਿਟ.)/129
  - "ਚਕਰ"/ਪ੍ਰੋ. ਤ੍ਰਿਲੋਕ ਸਿੰਘ/133
  - ਸਨਮਾਨ/ਦੇਵਿੰਦਰ ਸਿੰਘ ਧੰਜਲ/136
- ਕਾਵਿ-ਰੂਪ
  - ਦਰਦਾਂ ਦੇ ਮਾਰੇ, ਨਾਗਾਂ ਦੀ ਬਸਤੀ/ਦਲੀਪ ਸਿੰਘ ਦੀਪਕ/140
  - ਰਿਸ਼ਤੇ/ਡਾ. ਮਨਦੀਪ ਕੌਰ/142
  - ਟੱਪੇ/ਮਨਮੋਹਣ 'ਪੰਛੀ'/143
  - ਹਾਇਕੂ/ਨਿਰਮਲ ਵਿਨੋਦ/144
  - ਰੁਬਾਈ/ਪਿਆਰਾ ਸਿੰਘ 'ਧੰਜਲ'/145
  - ਮਾਵਾਂ ਠੰਡੀਆਂ ਛਾਵਾਂ/ਗੁਰਦੇਵ ਸਿੰਘ 'ਦੇਵ'/147
- ਬਾਲ ਸਾਹਿਤ
  - ਕੌਮੀ ਝੰਡਾ, ਦੋ ਦਾ ਪਹਾੜਾ/ਕੀਰਤ ਸਿੰਘ ਇਨਕਲਾਬੀ/149
  - ਡੱਡੂ ਦਾ ਮੋਬਾਇਲ/ਡਾ. ਦਰਸ਼ਨ ਸਿੰਘ 'ਆਸ਼ਟ'/151
  - ਫੁੱਲਾਂ ਦੀ ਕਿਆਰੀ/ਸ਼ੀਸ਼ਪਾਲ ਸਿੰਘ ਮਾਣਕਪੁਰੀ/152
- ਅਨੁਵਾਦ
  - ਜ਼ੁਬਾਨ ਦਾ ਕਤਲ/ਅਸ਼ਰਫ ਸੁਹੇਲ, ਅਨੁਵਾਦ : ਰਾਜਵੰਤ ਕੌਰ ਪੰਜਾਬੀ/153
- ਨਵੀਂ ਕਲਮ
  - ਥਿੰਤੀ ਭਗਤ ਕਬੀਰ ਜੀਉ ਕੀ : ਪਾਠ-ਵਿਸ਼ਲੇਸ਼ਣਾਤਮਕ ਅਧਿਅਨ/ਸੁਖਮਨਪ੍ਰੀਤ ਕੌਰ ਅਤੇ ਡਾ. ਰਮਨਪ੍ਰੀਤ ਕੌਰ/157
  - ਉੱਤਰ ਆਧੁਨਿਕ ਕਵਿਤਾ : ਰੂਪਕ ਬਦਲਾਅ/ਹਰਜਿੰਦਰ ਸਿੰਘ ਲਾਡਵਾ/170
  - "ਸਮਕਾਲੀ ਸਮਾਜ ਵਿੱਚ ਔਰਤ ਦੀ ਸਥਿਤੀ 'ਚੰਨੋ ਬਾਜ਼ੀਗਰਨੀ' ਦੇ ਨਾਟਕ ਦੇ ਅਧਾਰ ਤੇ"/ਬਲਜੀਤ ਕੌਰ/177



Regd. No. 28873/76
ISSN 2319-5053
UGC Approved

Sept. - Oct. 2020

Published by the Secretary on behalf of
**J&K Academy of Art, Culture and Languages, Jammu**
and Printed at Classic Printers, Bari Brahamana, Jammu

# ਵਰਿੰਦਰ ਵਾਲੀਆ ਦੀ ਕਥਾਕਾਰੀ

❑ ਡਾ. ਨਰੇਸ਼ ਕੁਮਾਰ

ਵਰਿੰਦਰ ਵਾਲੀਆ ਪੱਤਰਕਾਰੀ ਦੇ ਖੇਤਰ ਵਿਚ ਮਸਰੂਫ ਹੋਣ ਦੇ ਬਾਵਜੂਦ ਸਾਹਿਤ ਸਿਰਜਣਾ ਨਾਲ ਜੁੜਿਆ ਹੋਇਆ ਨਾਮ ਹੈ। ਸਾਹਿਤ ਵਿਧਾਵਾਂ ਵਿਚੋਂ ਨਿੱਕੀ ਕਹਾਣੀ ਉਸਦੀ ਸਾਹਿਤ ਸਿਰਜਣਾ ਦੀ ਰੁਚੀ ਬਣਦੀ ਹੈ। 1983 ਈ: ਵਿੱਚ ਉਸਦਾ ਪ੍ਰਥਮ ਕਹਾਣੀ ਸੰਗ੍ਰਹਿ 'ਖ਼ਬਰਨਾਮਾ' ਪ੍ਰਕਾਸ਼ਿਤ ਹੋਇਆ। ਫਿਰ ਲੰਮੇ ਸਮੇਂ ਦੇ ਅੰਤਰਾਲ ਨਾਲ 'ਰੁੱਖਾਂ ਦੀ ਦਾਸਤਾਨ' 2007 ਈ.) ਪ੍ਰਕਾਸ਼ਿਤ ਹੋਇਆ। ਵਰਿੰਦਰ ਵਾਲੀਆ ਸਿਰਜਣਾ ਦੇ ਖੇਤਰ ਵਿੱਚ ਉਦੋਂ ਕਾਰਜਸ਼ੀਲ ਹੁੰਦਾ ਹੈ ਜਦ ਉਸ ਕੋਲ ਕੋਈ ਪੁੱਖਤਾ ਗੱਲ ਕਹਿਣ ਨੂੰ ਹੁੰਦੀ ਹੈ। ਉਸ ਦੇ ਮਤ ਮੁਤਾਬਿਕ ਮੈਂ ਘੱਟ ਲਿਖਣ ਵਿਚ ਵਿਸ਼ਵਾਸ ਰੱਖਦਾ ਹਾਂ, ਮਹੀਨੇ ਤਾਂ ਇਕ ਪਾਸੇ ਰਹੇ, ਜੋ ਸਾਲ ਵੀ ਬੀਤ ਜਾਣ ਤਾਂ ਮੈ ਪ੍ਰਸ਼ਾਨ ਨਹੀਂ ਹੁੰਦਾ। ਛੱਪਣ 'ਚ ਮੈਂ ਕਦੇ ਤਰੱਦਦ ਨਹੀਂ ਕੀਤਾ, ਤੇ ਨਾ ਹੀ ਅਜਿਹੀ ਸੋਚ ਆਈ ਹੈ ਕਿ ਬੰਦੇ ਨੂੰ ਏਨੇ ਅਰਸੇ ਬਾਅਦ ਅਵੱਸ਼ ਹੀ ਛਪਣਾ ਚਾਹੀਦਾ ਹੈ-ਨਹੀਂ ਤਾਂ ਪਾਠਕ ਭੁੱਲ ਜਾਣਗੇ। ਸਗੋਂ ਮੇਰੇ ਖ਼ਿਆਲ ਮੁਤਾਬਕ ਉਸਦੀ ਲੇਖਣੀ ਵਿਚ ਦਮ ਹੋਣਾ ਚਾਹੀਦਾ ਹੈ। ਉਸ ਨੂੰ ਪਾਠਕ ਵਰਗ ਹਮੇਸ਼ਾ ਯਾਦ ਰੱਖੇਗਾ ਭਾਵੇਂ ਉਹ ਵਰ੍ਹਿਆਂ ਬਾਅਦ ਕਿਉਂ ਨਾ ਛਪੇ।

ਕਹਾਣੀ ਅਤੇ ਕਹਾਣੀ ਸਿਰਜਣ ਪ੍ਰਕਿਰਿਆ ਬਾਰੇ ਜਿਸ ਤਰ੍ਹਾਂ ਦੀ ਸਿਧਾਂਤਕ ਟਿੱਪਣੀ ਵਰਿੰਦਰ ਵਾਲੀਆ 'ਆਤਮ-ਕਥਨ' ਵਿਚ ਕਰਦਾ ਹੈ। ਉਸੇ ਤਰ੍ਹਾਂ ਦਾ ਸਿਧਾਂਤਕ ਚੌਖਟਾ ਹੀ ਉਸਦੀਆਂ ਕਹਾਣੀਆਂ ਦੇ ਬ੍ਰਿਤਾਂਤ ਸ਼ਾਸਤਰ ਨੂੰ ਵਿਹਾਰਿਕ ਰੂਪ ਵਿੱਚ ਹਾਸਿਲ ਹੁੰਦਾ ਹੈ। ਉਹ ਬ੍ਰਿਤਾਂਤ ਸ਼ਾਸਤਰ ਦੀਆਂ ਸਿਧਾਂਤਕ ਜੁਗਤਾਂ ਤੋਂ ਵੀ ਵਾਕਿਫ਼ ਹੈ। ਕਹਾਣੀ ਅਤੇ ਕਹਾਣੀ ਦੀ ਸਿਰਜਣ ਪ੍ਰਕਿਰਿਆ ਬਾਰੇ ਉਹ ਲਿਖਦਾ ਹੈ ਕਿ "ਨਾ ਤੇ ਕਹਾਣੀ ਨਿਰੋਲ ਕਲਪਨਾ ਤੇ ਸਮਾਜ ਵਿਚੋਂ ਦਿਲ-ਟੁੰਬਵੇਂ ਪਲਾਟ ਦੀ ਚੋਣ ਕੀਤੀ ਜਾਂਦੀ ਹੈ, ਕੁਝ ਸਲੀਕੇ ਨਾਲ ਕੱਟ ਵੱਡ ਕਰਨੀ ਪੈਂਦੀ ਹੈ ਤੇ ਫਿਰ ਕਲਪਨਾ ਰਾਹੀਂ ਐਡੀਸ਼ਨ ਵੀ ਲਾਜ਼ਮੀ ਕਰਨੀ ਪੈਂਦੀ ਹੈ।"

'ਰੁੱਖਾਂ ਦੀ ਦਾਸਤਾਨ ਵਿਚੋਂ ਗੁਜ਼ਰਣ ਉਪਰੰਤ ਪਤਾ ਲੱਗਦਾ ਹੈ ਕਿ ਕੱਚੀ ਸਾਮਗ੍ਰੀ ਨੂੰ ਵਿਉਂਤਣ ਅਤੇ ਕਲਾ ਕਿਰਤ ਵਿਚ ਢਾਲਣ ਦੀ ਅਟਕਲ ਵਰਿੰਦਰ ਵਾਲੀਆ ਖ਼ੂਬ ਜਾਣਦਾ ਹੈ। ਉਸਨੂੰ ਫ਼ਿਕਰਾ ਜੋੜ ਕੇ ਦਰੁਸਤ ਕਰਨ ਦਾ ਖ਼ੂਬ ਵੱਲ ਆਉਂਦਾ ਹੈ। ...ਉਹ 'ਕਹਿੰਦਾ' ਕੁਝ ਵੀ ਨਹੀਂ, ਸਭ 'ਦਿਖਾਉਂਦਾ' ਹੈ।" ਡਾ. ਹਰਿਭਜਨ ਸਿੰਘ ਭਾਟੀਆ ਦੇ ਇਸ ਕਥਨ ਮੁਤਾਬਿਕ ਵਰਿੰਦਰ ਵਾਲੀਆ ਹੁਨਰਵੰਦ ਕਹਾਣੀਕਾਰ ਹੈ ਅਤੇ ਉਹ ਕਥਨ ਨਹੀਂ ਸਗੋਂ ਦ੍ਰਿਸ਼ ਸਿਰਜਦਾ ਹੈ। ਵਰਿੰਦਰ ਵਾਲੀਆ ਦੀਆਂ ਕਹਾਣੀਆਂ ਸੰਬੰਧੀ ਡਾ. ਮਨਮੋਹਨ ਅਜਿਹੀ ਹੀ ਧਾਰਨਾ ਪ੍ਰਗਟ ਕਰਦਾ ਹੈ। "ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਜਦੋਂ ਇਸ ਦੇ ਬਿਰਤਾਂਤ ਸ਼ਾਸਤਰ ਦੀ ਤਲਾਸ਼

* *ਅਸਿਸਟੈਂਟ ਪ੍ਰੋਫੈਸਰ ਤੇ ਇਨਚਾਰਜ, ਪੰਜਾਬੀ ਤੇ ਡੋਗਰੀ ਵਿਭਾਗ, ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ, ਮੋਬਾਇਲ 9878889269, email : nareshaman2002@yahoo.com*

ਕਰਦੇ ਹਾਂ ਤਾਂ ਸੋਝੀ ਹੁੰਦੀ ਹੈ ਕਿ ਇਨ੍ਹਾਂ ਦਾ ਬਿਰਤਾਂਤ ਸਰਲ-ਕਥਾ ਵਾਲਾ ਇਕਹਿਰਾ ਜਾਂ ਲਕੀਰੀ ਨਹੀਂ ਭਾਵ ਕਥਨ ਦੀ ਪੱਧਰ ਵਾਲਾ ਨਹੀ ਸਗੋਂ ਦ੍ਰਿਸ਼ ਜਾਂ ਚਿੱਤਰ ਵਾਲਾ ਹੈ। ਇਨ੍ਹਾਂ ਕਥਨਾਂ ਜਾਂ ਦ੍ਰਿਸ਼ਾ ਦੀਆਂ ਥਾਵਾਂ (Location) ਸਮਾਜ 'ਚ ਫੈਲੇ ਸੱਤਾ (Power) ਸੰਬੰਧਾਂ, ਸੱਤਾ ਵਰਤਾਰਿਆਂ, ਦਮਿਤ/ਦਲਿਤ/ਹਾਸ਼ੀਆਂ ਕ੍ਰਿਤ ਹੋਂਦਾ ਦੀਆਂ ਚਿਹਨਕ ਹਨ। ਇਨ੍ਹਾਂ ਚਿਹਨਕਾਂ ਨੂੰ ਵਰਿੰਦਰ ਵਾਲੀਆ ਆਪਣੇ ਇਰਦ ਫੈਲੇ ਪਰਪੰਚਾਂ ਰਾਹੀਂ ਪ੍ਰਤੱਖਦਾ ਹੈ ਤੇ ਕਥਾਨਕ ਅਨੁਸਾਰ ਰੂਪਾਂਤ੍ਰਿਤ ਕਰਦਾ ਹੈ।"

ਡਾ. ਹਰਿਭਜਨ ਸਿੰਘ ਭਾਟੀਆ ਅਤੇ ਡਾ. ਮਨਮੋਹਨ ਅਨੁਸਾਰ ਇਹ ਕਹਾਣੀਆਂ ਲਕੀਰੀ ਬ੍ਰਿਤਾਂਤ ਨਹੀਂ ਸਗੋਂ ਦ੍ਰਿਸ਼ਾਤਮਕ ਹਨ। ਇਹ ਕਹਾਣੀਆਂ ਆਮ ਮਨੁੱਖ ਦੀਆਂ ਭਾਵਨਾਵਾਂ ਤੋਂ ਲੈ ਕੇ ਸਮਾਜਿਕ ਵਰਤਾਰਿਆਂ ਅਤੇ ਸਮਾਜਿਕ ਸੰਸਥਾਵਾਂ ਦੇ ਦੰਬਿਤ ਬਿੰਬ ਨੂੰ ਉਘਾੜਦੀਆਂ ਹਨ।

ਹੁਣ 'ਰੁੱਖਾਂ ਦੀ ਦਾਸਤਾਨ' ਕਹਾਣੀ ਸੰਗ੍ਰਹਿ ਨੂੰ ਅਧਿਐਨ-ਵਸਤੂ ਵਜੋਂ ਗ੍ਰਹਿਣ ਕਰ ਇਸਦੀ ਵਸਤੂ, ਵਿਧੀ, ਦ੍ਰਿਸ਼ਟੀ ਅਤੇ ਅਵਚੇਤਨ ਨੂੰ ਨਿਰਧਾਰਿਤ ਕਰਨ ਦਾ ਯਤਨ ਕਰਦੇ ਹਾਂ। 'ਰੁੱਖਾਂ ਦੀ ਦਾਸਤਾਨ' ਪੁਸਤਕ ਵਿਚ ਕੁਲ 17 ਕਹਾਣੀਆਂ ਹਨ। ਮਟਮੈਲੀ ਧੁੱਪ, ਭੌਤਾ ਸ਼ੁਦਾਈ ਅਤੇ ਸ਼ਾਂਝੀ ਧੁੱਪ ਕਹਾਣੀਆਂ ਵਿਚ ਆਮ ਮਨੁੱਖ ਦੀ ਹੋਂਦ, ਉਸ ਦੀਆਂ ਭਾਵਨਾਵਾਂ, ਪੰਜਾਬੀ ਪੇਂਡੂ ਸਮਾਜ ਅਤੇ ਇਸ ਦੇ ਸਮਾਜਕ/ਸਾਂਸਕ੍ਰਿਤਕ ਸਰੋਕਾਰ ਵਸਤੂ-ਸਾਮਗ੍ਰੀ ਵਜੋਂ ਗ੍ਰਹਿਣ ਕੀਤੇ ਗਏ ਹਨ। ਇਨ੍ਹਾਂ ਕਹਾਣੀਆਂ ਦੀ ਖਾਸੀਅਤ ਪੰਜਾਬੀ ਪੇਂਡੂ ਸਮਾਜ ਦੇ ਅਵਚੇਤਨ ਤੀਕ ਪਹੁੰਚ ਕਰਨ ਵਿਚ ਹੈ। ਪੰਜਾਬੀ ਪੇਂਡੂ ਸਮਾਜ ਅਜੇ ਵੀ ਨਾਕਾਰਾਤਮਕ ਮੱਧਕਾਲੀ ਕਦਰਾਂ/ਕੀਮਤਾਂ ਤੋਂ ਨਿਜਾਤ ਪ੍ਰਾਪਤਾਨਹੀਂ ਕਰ ਸਕਿਆ। ਘਰ ਦੀ ਇੱਜ਼ਤ ਔਰਤ ਦੇ ਆਚਰਨ ਨਾਲ ਬਹੁਤ ਪੀਡੀ ਤਰ੍ਹਾਂ ਜੁੜੀ ਹੋਈ ਹੈ। ਉਸਦੇ ਵਿਆਹ ਦਾ ਮਸਲਾ ਘਰ/ਪਰਿਵਾਰ, ਧਰਮ ਅਤੇ ਜਾਤ ਬਰਾਦਰੀ ਦੇ ਦਾਇਰਿਆਂ ਨਾਲ ਬੱਝਾ ਹੋਇਆ ਹੈ। ਅਗਰ ਉਹ ਸਵੈ-ਪਸੰਦ ਦੀ ਖਾਅਸ਼ ਪ੍ਰਗਟ ਕਰਦੀ ਹੈ ਤਾਂ ਉਸ ਨੂੰ ਆਚਰਨਹੀਣ ਸਮਝਿਆ ਜਾਂਦਾ ਹੈ ਅਤੇ ਘਰ/ਪਰਿਵਾਰ ਦੇ ਹੋਰ ਜੀ ਵੀ ਇਸ ਨੂੰ ਨਮੋਸ਼ੀ ਦਾ ਵਰਤਾਰਾ ਸਮਝਦੇ ਹੋਏ ਕਈ ਤਰ੍ਹਾਂ ਦਾ ਸਵੈ-ਸਿਰਜਿਤ ਮਾਨਸਿਕ ਸੰਤਾਪ ਹੰਢਾਉਂਦੇ ਹਨ। 'ਮਟਮੈਲੀ ਧੁੱਪ' ਕਹਾਣੀ ਵੀ ਅਜਿਹੇ ਪੇਂਡੂ ਵਰਤਾਰੇ ਨੂੰ ਬ੍ਰਿਤਾਂਤਕ ਰੂਪ ਪ੍ਰਧਾਨ ਕਰਦੀ ਹੋਇਆਂ ਅਗਿਆਤ ਵਾਸ ਧਾਰਨ ਕਰ ਜਾਂਦਾ ਹੈ ਅਤੇ ਇਕ ਸਵੈ-ਕਲਪਿਤ ਮਾਨਸਿਕ ਸੰਸਾਰ ਦੀ ਉਸਾਰੀ ਕਰਦਾ ਹੈ ਜਿਸ ਦਾ ਯਥਾਰਥ ਨਾਲ ਕੋਈ ਸੰਬੰਧ ਨਹੀਂ ਹੁੰਦਾ। "ਦਿਲ ਕਰਦਾ ਹੈ ਬਸ ਦੀ ਉਡੀਕ ਵਿਚ ਖੜ੍ਹੇ ਆਪਣੇ ਗਰਾਈਆਂ ਨੂੰ ਮਿਲ ਹੀ ਲਵਾਂ। ਹੋ ਸਕਦਾ ਹੈ ਉਹ ਆਰਤੀ ਬਾਰੇ ਕੋਈ ਮੁਬਾਰਕ ਖ਼ਬਰ ਹੀ ਦੇ ਦੇਣ। ਲਗਦਾ ਹੈ ਕਿ ਉਹ ਮੈਨੂੰ ਮਿਲਦਿਆਂ ਸਾਰ ਚੌਕ ਪੈਣਗੇ ਅਤੇ ਕਹਿਣਗੇ "ਪਤੰਦਰਾ ਨੂੰ ਕਿਥੇ ਰਿਹੈਂ? ਕਮਲਿਆ ਐਵੇਂ ਏਨਾ ਚਿਰ ਤੂੰ ਪਰਦੇਸੀ ਮਰਦਾ ਖੱਪਦਾ ਰਿਹਾ। ਆਰਤੀ ਦਾ ਤੇ ਉਸੇ ਦਿਨ ਐਕਸੀਡੈਂਟ ਹੋ ਗਿਆ ਸੀ, ਕੁਝ ਰੱਬ ਦੇ ਬੰਦਿਆਂ ਨੇ ਉਸਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਸੀ। ਜਦੋਂ ਹੋਸ਼ ਆਈ ਤਾਂ ਉਸ ਨੇ ਆਪਣੇ ਘਰ ਦਾ ਅਤਾ ਪਤਾ ਦਿੱਤਾ। ਪਰ ਤੈਨੂੰ ਤਾਂ ਪਤਾ ਨਹੀਂ ਧਰਤੀ ਖਾ ਗਈ ਸੀ।"

'ਭੌਤਾ ਸ਼ੁਦਾਈ' ਕਹਾਣੀ ਸਮਾਜ ਦੇ ਤਲਖ ਸਮਾਜਕ ਯਥਾਰਥ ਦੀ ਪੇਸ਼ਕਾਰੀ ਹੈ। ਗ੍ਰਾਮੀਣ ਲੋਕਾਂ ਤੀਕਣ ਅਜੇ ਤਕ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਮੁਹੱਈਆ ਨਹੀਂ ਹੋਈਆਂ।

ਇਹ ਲੋਕ ਸਿੱਖਿਆ ਤੋਂ ਵਿਹੂਣੇ ਹੋਣ ਕਾਰਨ ਇਸ ਗਲੋਬਲੀ ਸਮਾਜ ਵਿਚ ਵੀ ਮਧਕਾਲੀ ਜੀਵਨ ਬਤੀਤ ਕਰ ਰਹੇ ਹਨ। 'ਭੰਤੇ ਸ਼ੁਦਾਈ ਦਾ ਭੱਠੀ ਵਾਲੀ ਨੂੰ ਫੜ੍ਹ ਲੈਣਾ' ਅਤੇ ਫਿਰ ਪਿੰਡ ਦਾ ਸਰਪੰਚ ਬਣ ਜਾਣਾ ਅਖੌਤੀ ਲੋਕਤੰਤਰ ਦੀ ਪੋਲ ਖੋਲ੍ਹਦਾ ਹੋਇਆ ਇਸ ਵਿਡੰਬਨਾ ਉੱਪਰ ਤਨਜ ਦੀ ਉਸਾਰੀ ਵੀ ਕਰਦਾ ਹੈ। 'ਸਾਂਝੀ ਧੁੱਪ' ਕਹਾਣੀ ਵੀ ਅਜਿਹੇ ਦਮਿਤ/ਦਲਿਤ ਲੋਕਾਂ ਦਾ ਬਿਰਤਾਂਤ ਹੈ ਜਿਹਨਾਂ ਦੇ ਜੀਵਨ ਸਰੋਕਾਰਾਂ ਵਿਚ ਕੋਈ ਫ਼ਰਕ ਨਹੀਂ ਪਿਆ ਭਾਵੇਂ ਅੱਜ ਪੂੰਜੀਵਾਦੀ ਯੁਗ ਤਕ ਸਮਾਜ ਨੇ ਕਈ ਪੜਾਅ ਤੈਅ ਕਰ ਲਏ ਹਨ। ਇਹ ਹਾਸ਼ੀਆਕ੍ਰਿਤ ਲੋਕ ਅੱਜ ਵੀ ਅਮੀਰ ਲੋਕਾਂ ਲਈ ਇਕ ਵਸਤੂ-ਮਾਤਰ ਹਨ ਜਿਨ੍ਹਾਂ ਦੀ ਆਪਣੀ ਕੋਈ ਖ਼ਾਅਸ਼/ਉਮੰਗ ਨਹੀਂ। ਇਨ੍ਹਾਂ ਲੋਕਾਂ ਦੀ ਯਥਾਰਥਕ ਹੋਂਦ ਨੂੰ ਚਿੱਤਰਦਾ ਹੋਇਆ ਕਹਾਣੀਕਾਰ ਲਿਖਦਾ ਹੈ :

ਜ਼ਮੀਨ ਵਾਹੁੰਦਿਆਂ ਉਸਦੀ ਪਤਾ ਨਹੀਂ ਕਿੰਨੀ ਉਮਰ ਬੀਤ ਗਈ ਸੀ। ਪਰ ਉਸ 'ਤੇ ਉਹਦਾ ਕੋਈ ਹੱਕ ਨਹੀਂ। ਫਸਲ ਹੁੰਦੀ ਹੈ ਤਾਂ ਸਰਦਾਰ ਮਰਜ਼ੀ ਮੁਤਾਬਕ ਵਿਚੋਂ ਉਸਨੂੰ ਮਿਹਨਤਾਨਾ ਦੇ ਦਿੰਦਾ ਹੈ। ਨਾਂ ਨੂੰ ਪਤਨੀ ਉਸਦੀ ਪਰ ਫ਼ਸਲ ਵਾਂਗ ਉਸਦਾ ਹਿੱਸਾ ਵੀ ਸਰਦਾਰ ਦੇ ਰਹਿਮ 'ਤੇ ਹੈ।

ਇਹ ਹਾਸ਼ੀਆਕ੍ਰਿਤ ਲੋਕ ਜਿਹਨਾਂ ਦੀ ਨਿਰਜੀਵਮੂਲਕ ਹੋਂਦ ਹੀ ਜੀਵਨ ਬਣਦੀ ਹੈ। ਆਪਣੇ ਸ਼ੋਸ਼ਣ ਨੂੰ ਸਹਿਨ ਕਰਦੇ ਹੋਏ ਮਾਨਸਿਕ ਸੰਤਾਪ ਹੰਢਾਉਂਦੇ ਹਨ। 'ਸਾਂਝੀ ਧੁੱਪ' ਕਹਾਣੀ ਦਾ ਮੁੱਖ ਪਾਤਰ ਜਿਸਨੂੰ ਪਤਾ ਹੈ ਕਿ ਉਸਦੀ ਪਤਨੀ ਕੁਖੋਂ ਜਨਮ ਲੈਣ ਵਾਲਾ ਬੇਟਾ ਵੀ ਸਰਦਾਰ ਦਾ ਹੀ ਹੈ। ਉਹ ਸੋਚਦਾ ਤਾਂ ਬਹੁਤ ਕੁਝ ਹੈ ਕਿ ਇਨ੍ਹਾਂ ਤਿੰਨਾਂ (ਪਤਨੀ, ਬੇਟੇ ਅਤੇ ਸਰਦਾਰ) ਦਾ ਕਤਲ ਕਰ ਦੇਵੇ ਪਰ ਆਪਣੀ ਹੋਂਦ ਦੀ ਯਥਾਰਥ ਸਥਿਤੀ ਬਾਰੇ ਸੋਚ ਉਹ ਸਮਝੌਤਾ ਕਰ ਜਾਂਦਾ ਹੈ ਅਤੇ ਆਪਣੇ ਮਾਨਸਿਕ ਗੁਬਾਰ ਨੂੰ ਇਹ ਸੋਚਕੇ ਕਢਦਾ ਹੈ ਕਿ "ਉਹ ਆਪਣੀ ਪਤਨੀ ਨਾਲ ਨਹੀਂ ਸਗੋਂ ਸਰਦਾਰ ਦੀ ਪਤਨੀ ਨਾਲ ਹਮਬਿਸਤਰ ਹੈ।"[7] ਵਰਿੰਦਰ ਵਾਲੀਆ ਦੀਆਂ ਇਨ੍ਹਾਂ ਕਹਾਣੀਆਂ ਨੂੰ ਸਮਝਣ ਲਈ ਪੇਂਡੂ ਜਨ-ਜੀਵਨ ਨੂੰ ਉਸ ਦੇ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਪਰਿਪੇਖ ਵਿਚ ਸਮਝਣ ਦੀ ਜ਼ਰੂਰਤ ਹੈ।

'ਬੂਹਾ' ਕਹਾਣੀ ਔਰਤ ਦੀ ਮਰਦ-ਪ੍ਰਧਾਨ ਸਮਾਜ ਵਿਚ ਹੋਂਦ ਸਥਿਤੀ ਨੂੰ ਪੇਸ਼ ਕਰਦਾ ਬਿਰਤਾਂਤ ਹੈ। ਕਹਾਣੀਕਾਰ ਨੂੰ ਬੂਹਾ ਚਿਹਨਕ ਰਾਹੀਂ ਔਰਤ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਪੂੰਜੀਵਾਦੀ ਸਮਾਜ ਵਿਚਲੇ ਮਨੁੱਖ ਦੀ ਬਹੁ-ਔਰਤਾਂ ਨਾਲ ਸਰੀਰਕ ਸੰਬੰਧ ਸਥਾਪਿਤ ਕਰਨ ਦੀ ਇੱਛਾ ਨੂੰ ਵੀ ਨਸ਼ਰ ਕੀਤਾ ਹੈ। ਭਾਰਤੀ ਸਮਾਜ ਵਿਚ ਔਰਤ ਅਜੇ ਵੀ ਮੱਧਕਾਲੀ ਸਮੇਂ ਦਾ ਹੀ ਜੀਵਨ ਬਤੀਤ ਕਰ ਰਹੀ ਹੈ ਅਤੇ ਮਰਦ ਦਾ ਉਸ ਪ੍ਰਤੀ ਦ੍ਰਿਸ਼ਟੀਕੋਣ ਅਤੇ ਵਿਹਾਰ ਵੀ ਮਧਕਾਲ ਵਰਗਾ ਹੀ ਹੈ। ਮਰਦ ਲਈ ਔਰਤ ਦੀ ਹੋਂਦ ਹੋਰ ਨਿਰਜੀਵ ਵਸਤੂਆਂ ਤੋਂ ਵੱਧ ਕੁਝ ਨਹੀਂ। ਇਸ ਕਹਾਣੀ ਵਿੱਚ ਔਰਤ ਦੀ ਹੋਂਦ ਸਥਿਤੀ ਅਤੇ ਔਰਤ ਸੰਬੰਧੀ ਮਰਦ ਦੇ ਤਲੱਖ ਰਵੱਈਏ ਨੂੰ ਵਿਅਕਤ ਕੀਤਾ ਗਿਆ ਹੈ। ਇਸ ਕਹਾਣੀ ਦਾ ਪਾਤਰ ਆਪਣੀ ਪਤਨੀ ਬਾਰੇ ਸੋਚਦਾ ਹੋਇਆ ਇਸ ਸਮੁੱਚੇ ਵਰਤਾਰੇ ਨੂੰ ਚਿਤਰਦਾ ਹੈ :

ਵਿਚਾਰੀ ਸ਼ਾਮ ਨੂੰ ਬੂਹੇ ਨਾਲ ਬੂਹਾ ਬਣਕੇ ਮੇਰਾ ਇੰਤਜ਼ਾਰ ਕਰਦੀ ਹੈ। ਕਦੇ-ਕਦੇ ਮੈਂ ਆਪਣੇ ਆਪ ਨੂੰ ਨਿਰਦਈ ਮਹਿਸੂਸ ਕਰਦਾ ਹਾਂ ਜਿਸਨੇ ਘਰੋਂ ਬਾਹਰ ਗਵਾਂਢੀਆਂ ਦੇ ਘਰ ਤਕ ਜਾਣ 'ਤੇ ਰੋਕ ਲਾਈ ਹੈ। ਵਿਚਾਰੀ ਅੰਦਰੋ ਅੰਦਰ ਗ਼ਮ ਖਾ ਖਾ ਕੇ ਖੋਖਲੀ ਹੋ ਚੁੱਕੀ ਹੈ। ਮੈ

ਉਸਨੂੰ ਘਰ ਦੀ ਚੁਗਾਠ ਵਿਚੋਂ ਬਾਹਰ ਲੈ ਕੇ ਗਿਆ ਹਾਂ। ਉਸਦੇ-ਚਿਰਾਂ ਦੇ ਰੋਸੇ ਤੇ ਸ਼ਿਕਵੇ ਦੂਰ ਕਰਨ ਲਈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸਾਡੇ ਬੂਹੇ ਨੂੰ ਇਕ ਵਾਰੀ ਘੁਣ ਲੱਗ ਗਿਆ ਸੀ। ਮੈ ਤਰਖਾਣ ਨੂੰ ਸੱਦ ਲਿਆਇਆ। ਉਹ ਬੂਹੇ ਨੂੰ ਲਾਹ ਕੇ ਗਿਆ ਸੀ। ਘੁਣ ਖਾਧੀਆਂ ਚਪਟੀਆਂ ਦੀ ਜਗ੍ਹਾ ਨਵੀਆਂ ਲਾ ਕੇ ਸ਼ਾਮ ਨੂੰ ਫਿਰ ਚੁਗਾਠ ਵਿਚ ਫਿੱਟ ਕਰ ਗਿਆ ਸੀ।

'ਰਥਵਾਨ ਦੀ ਮੌਤ' ਕਹਾਣੀ ਵੀ ਅਜਿਹੇ ਲਿਤਾੜੇ ਆਰਥਿਕ ਮੰਦਹਾਲੀ ਦੇ ਮਾਰੇ ਲੋਕਾਂ ਦੀ ਗਾਥਾ ਹੈ। ਜਿਨ੍ਹਾਂ ਕੋਲ ਰੋਟੀ, ਕੱਪੜਾ ਅਤੇ ਮਕਾਨ ਵਰਗੀਆਂ ਮੁੱਢਲੀਆਂ ਲੋੜਾਂ ਵੀ ਪ੍ਰਾਪਤ ਨਹੀਂ। ਉਹਨਾਂ ਦੀਆਂ ਭਾਵਨਾਵਾਂ ਹੋਂਦ ਗ੍ਰਹਿਣ ਕਰਨ ਦੇ ਨਾਲ ਹੀ ਮਰ ਜਾਂਦੀਆਂ ਹਨ। ਇਸ ਕਹਾਣੀ ਦਾ ਮੁੱਖ ਪਾਤਰ ਆਪਣੀ ਪ੍ਰਾਪਤੀ ਬਾਰੇ ਦਸਦਾ ਹੈ ਕਿ "ਪੁੜਪੁੜੀਆਂ ਚਿੱਟੀਆਂ ਹੋਣ ਦੀ ਕਮਾਈ ਤਕ, ਕੇਵਲ ਇਕਲੌਤਾ ਕਮਰਾ ਉਸਦੀ ਮਲਕੀਅਤ ਬਣ ਸਕਿਆ ਸੀ, ਜਿਹੜਾ ਮੀਂਹ ਬੰਦ ਹੋਣ ਦੇ ਬਾਵਜੂਦ ਦੇਰ ਤਕ ਤਰਿੱਪ ਤਰਿੱਪ ਚੋਂਦਾ ਰਹਿੰਦਾ।" ਇਨ੍ਹਾਂ ਆਰਥਿਕ ਵਸੀਲਿਆਂ ਤੋਂ ਵਹੀਨੇ ਲੋਕਾਂ ਦੀਆਂ ਖਾਅਸ਼ਾਂ/ਭਾਵਨਾਵਾਂ ਅਤ੍ਰਿਪਤ ਹੀ ਰਹਿੰਦੀਆਂ ਹਨ। ਇਨ੍ਹਾਂ ਲੋਕਾਂ ਦੀ ਆਰਥਿਕ ਸਥਿਤੀ ਨੂੰ ਕਹਾਣੀਕਾਰ ਨੇ ਇਕ ਸਤਰ ਵਿਚ ਹੀ ਪੇਸ਼ ਕਰ ਦਿੱਤਾ ਹੈ। ਏਸੇ ਕਹਾਣੀ ਵਿਚ ਜਦ ਗੌਤਮ ਆਪਣੀ ਮਾਂ ਕੋਲ ਨਵੇਂ ਝੱਗੇ ਦੀ ਜ਼ਿੱਦ ਕਰਦਾ ਹੈ ਤਾਂ ਕਹਾਣੀਕਾਰ ਇਸ ਸਥਿਤੀ ਬਾਰੇ ਲਿਖਦਾ ਹੈ ਕਿ "ਆਮਦਨ ਅਸ਼ਪੱਸ਼ਟ ਹੋਣ ਕਰਕੇ ਪੂਰਤੀ ਵੀ ਅਸਪੱਸ਼ਟ ਸੀ।" ਇਨ੍ਹਾਂ ਲੋਕਾਂ ਦੀ ਅੰਤ ਤੀਕ ਆਮਦਨ ਅਸਪੱਸ਼ਟ ਹੀ ਰਹਿੰਦੀ ਹੈ ਅਤੇ ਪੂਰਤੀ ਵੀ ਕਦੇ ਸਪੱਸ਼ਟ ਨਹੀਂ ਹੁੰਦੀ।

'ਗਟਰ' ਕਹਾਣੀ ਉਨ੍ਹਾਂ ਬੇਵਸ ਔਰਤਾਂ ਦੀ ਗਾਥਾ ਹੈ ਜਿਹੜੀਆਂ ਆਰਥਿਕ ਮੰਦਹਾਲੀ ਕਾਰਨ ਜਿਸਮ ਫਰੋਸ਼ੀ ਦਾ ਧੰਦਾ ਕਰਨ ਤਕ ਮਜਬੂਰ ਹੋ ਜਾਂਦੀਆ ਹਨ। ਇਹ ਔਰਤਾਂ ਸ਼ੌਕ ਨਾਲ ਇਹ ਧੰਦਾ ਨਹੀਂ ਕਰਦੀਆਂ ਸਗੋਂ ਆਰਥਿਕ ਮੰਦਹਾਲੀ ਕਾਰਨ ਇਸ 'ਗਟਰ' ਵਿਚ ਇਨ੍ਹਾਂ ਨੂੰ ਡਿਗਣਾ ਪੈਂਦਾ ਹੈ। 'ਗਟਰ' ਕਹਾਣੀ ਦੀ ਮੁੱਖ ਪਾਤਰ ਵੀ ਆਪਣੀ ਸਹੇਲੀ ਨੀਲਮ ਨੂੰ ਆਪਣੀ ਅਜਿਹੀ ਸਥਿਤੀ ਬਾਰੇ ਦੱਸਦੀ ਹੈ :

'ਅਸੀਂ ਵੀ ਤਾਂ ਜਣੇ-ਖਣੇ ਨਾਲ ਤੁਰੀਆਂ ਫਿਰਦੀਆਂ ਸਾਂ। ਸਾਥੀ ਦੀ ਉਮਰ ਬਾਰੇ ਕਦੇ ਵੀ ਭਾਵੁਕ ਨਹੀਂ ਸਾਂ ਹੋਈਆਂ। ਇਹ ਫ਼ਿਕਰ ਸੀ ਕਿ ਘਰ ਦੀ ਹਾਲਤ ਨੂੰ ਕਿਵੇਂ ਨਾ ਕਿਵੇਂ ਠੁੰਮਣੇ ਦੇ ਕੇ ਬਚਾਇਆ ਜਾਵੇ। ਦਾਜ ਬਣਾ ਕੇ ਪਾਪਾ ਦੀ ਚਿੰਤਾ ਖ਼ਤਮ ਕੀਤੀ ਜਾਵੇ।

'ਗਰੂਤਾ' ਕਹਾਣੀ ਸੰਨ ਸੰਤਾਲੀ ਦੇ ਮਹਾਂ ਦੁਖਾਂਤ ਨੂੰ ਸਮਰਪਿਤ ਹੈ। ਸ਼ੁਰੂ ਵਿਚ ਤਾਂ ਇਹ ਕਹਾਣੀ ਦੀਵਾਨ ਅਤੇ ਨਾਜ਼ੀਆ ਨਾਮਕ ਪਾਤਰਾਂ ਦੀ ਪਿਆਰ ਕਹਾਣੀ ਹੀ ਲਗਦੀ ਹੈ। ਜਿਨ੍ਹਾਂ ਦਾ ਪਿਆਰ ਵੀ ਇਸ ਦੁਖਾਂਤ ਦੀ ਬਲੀ ਚੜ੍ਹ ਗਿਆ। ਪਰ ਨਹੀਂ ਫਿਰ ਇਹ ਕਹਾਣੀ ਮੋੜ ਕਟਦੀ ਹੈ ਅਤੇ ਲੋਕ ਕਹਾਣੀ ਵਰਗਾ ਰੂਪ ਧਾਰਨ ਕਰ ਜਾਂਦੀ ਹੈ ਜਿਸ ਵਿਚ ਧਰਤੀ 'ਮਾਂ' ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ ਅਤੇ ਦੀਵਾਨ ਨੂੰ ਆਪਣੀ ਵਿਥਿਆ ਸੁਣਾਉਂਦੀ ਹੈ ਕਿ 'ਪੁੱਤ ਮੈਂ ਆਪਣੇ ਜਾਇਆਂ ਤੋਂ ਤੰਗ ਆ ਚੁੱਕੀ ਹਾਂ। ਦੇਖ, ਮੇਰੇ ਸਰੀਰ 'ਤੇ ਇਨ੍ਹਾਂ ਜ਼ਾਲਮਾਂ ਵੱਡ ਹੀ ਵੱਡ ਪਾ ਦਿਤੇ ਨੇ। ਮੈਥੋਂ ਅੱਜ ਤਕ ਕਿਸੇ ਚੀਜ਼ ਦਾ ਬੋਝ ਹੋਣ ਉਠਾਇਆ ਨਹੀ ਜਾਂਦਾ। ਕੋਈ ਇਨ੍ਹਾਂ ਫੱਟਾਂ ਨੂੰ ਮੇਲ ਨਹੀਂ ਰਿਹਾ... ਕੋਈ ਮਲ੍ਹਮ ਨਹੀਂ ਲਾ ਰਿਹਾ।" ਇਹ ਕਹਾਣੀ ਉਹਨਾਂ ਲੋਕਾਂ ਦੀ ਇਸ ਖਾਅਸ਼ ਨੂੰ ਵੀ ਪ੍ਰਗਟ ਕਰਦੀ ਹੈ ਜੋ ਸੰਨ ਸੰਤਾਲੀ ਤੋਂ ਪਹਿਲਾਂ ਦੇ ਜੰਮ-ਪਲ ਹਨ ਅਤੇ ਏਧਰੋਂ ਪਾਕਿਸਤਾਨ ਗਏ ਜਾਂ ਉਧਰੋਂ ਹਿੰਦੋਸਤਾਨ ਵਿਚ ਹਿਜਰਤ ਕਰਕੇ ਆਏ ਸਨ ਕਿ

ਇਕ ਦਿਨ ਫਿਰ ਭਾਰਤ-ਪਾਕ ਦੀਆਂ ਹੱਦਾਂ/ਸਰਹੱਦਾਂ ਖ਼ਤਮ ਹੋ ਜਾਣਗੀਆਂ। ਇਹ ਕਹਾਣੀ ਉਸੇ ਰਵਾਇਤੀ ਗੰਗਣ-ਵਿਚ ਰੰਗੀ ਹੋਈ ਹੈ। ਇਸ ਕਹਾਣੀ ਦਾ ਅੰਤ ਅਜਿਹੀ ਸਥਿਤੀ ਨੂੰ ਹੀ ਕਲਪਦਾ ਹੈ।" ਦੀਵਾਨ ਓਧਰ ਨੂੰ ਦੌੜ ਪਿਆ ਜਿਧਰ ਨਾਜ਼ੀਆ ਦਾ ਦੇਸ਼ ਸੀ... ਉਸਦਾ ਆਪਣਾ ਦੇਸ਼ ਸੀ। ਬਾਕੀ ਲੋਕ ਵੀ ਇਧਰੋਂ ਓਧਰ ਤੇ ਓਧਰੋਂ ਇਧਰ ਚਿੜਗਿਲੀਆਂ ਮਾਰਦੇ ਦੌੜੀ ਜਾ ਰਹੇ ਸਨ। ਪੰਖੇਰੂਆ ਪਾਣੀਆਂ... ਤੇ ਵਾਯੂਮੰਡਲ ਵਾਂਗ ਹੁਣ ਉਨ੍ਹਾਂ ਨੂੰ ਵੀ ਰੋਕਣ ਵਾਲਾ ਕੋਈ ਨਹੀਂ ਸੀ ਰਹਿ ਗਿਆ।

ਦਾਇਰਾ-ਦਰ-ਦਾਇਰਾ, ਦਰਿਆ ਖੜ੍ਹਾ ਹੈ ਅਤੇ ਉਸ ਤੋਂ ਬਾਅਦ ਤਿੰਨ ਕਹਾਣੀਆਂ ਪੱਤਰਕਾਰੀ ਨਾਲ ਸੰਬੰਧਿਤ ਹੁੰਦੀਆਂ ਹੋਈਆਂ ਵੀ ਸਮਕਾਲੀ ਸਮਾਜਿਕ ਸਿਸਟਮ ਦੀਆਂ ਨਾਕਾਰਾਤਮਕ ਬਿਰਤੀਆਂ ਨੂੰ ਨਸ਼ਰ ਕਰਦੀਆਂ ਹਨ। ਇਸ ਸਿਸਟਮ ਦੀਆਂ ਸਾਰੀਆਂ ਸੰਸਥਾਵਾਂ ਅਤੇ ਸੰਚਾਰ ਮਾਧਿਅਮ ਸਤਾਧਾਰੀ ਪਾਰਟੀ ਦੇ ਇਸ਼ਾਰਿਆਂ ਉੱਪਰ ਚਲਦੇ ਹਨ। ਇਹਨਾਂ ਦੀ ਆਪਣੀ ਕੋਈ ਸੁਤੰਤਰ ਹੋਂਦ ਨਹੀਂ ਹੁੰਦੀ। ਅਜਿਹੀ ਰੇਡੀਓ ਦੀ ਕਾਰਗੁਜ਼ਾਰੀ ਨੂੰ ਉਘਾੜਦਾ ਹੋਇਆ ਕਹਾਣੀਕਾਰ ਲਿਖਦਾ ਹੈ। "ਰੇਡੀਓ ਵੀ ਸਰਕਾਰ ਦਾ ਹੀ ਮਾਧਿਅਮ ਹੋ ਕੇ ਰਹਿ ਗਿਆ ਹੈ ਜਿਸ ਰਾਹੀਂ ਪ੍ਰਸਾਰਿਤ ਹੋਈਆਂ ਖਬਰਾਂ 'ਚ ਜ਼ਿਆਦਾਤਰ ਸਰਕਾਰ ਦੀਆਂ ਪ੍ਰਾਪਤੀਆਂ ਹੀ ਹੁੰਦੀਆ ਹਨ। ਕੋਈ ਘਪਲੇਬਾਜ਼ੀ ਜਾਂ ਸਰਕਾਰ ਵੱਲੋਂ ਜ਼ਿਆਦਤੀ ਦਾ ਇਕ ਫ਼ਿਕਰਾਂ ਤੱਕ ਨਹੀਂ ਹੁੰਦਾ।" ਏਸੇ ਤਰ੍ਹਾਂ ਹੀ ਅਖਬਾਰਾਂ ਵੀ ਅਸਲ ਸਮਾਜਿਕ ਮਸਲਿਆਂ ਨਾਲੋਂ ਟੁੱਟੀਆਂ ਹੋਈਆਂ ਹਨ। ਉਨ੍ਹਾਂ ਲਈ ਕਿਸੇ ਐਕਸੀਡੈਂਟ ਦੀ ਦੁਖਾਂਤਕ ਖ਼ਬਰ ਵੀ ਖੁਸ਼ੀ ਦਾ ਸਬੱਬ ਹੁੰਦੀ ਹੈ ਅਤੇ ਰਾਜਨੀਤਕ ਲੀਡਰਾਂ ਲਈ ਅਜਿਹਾ ਵਰਤਾਰਾ ਆਪਣਾ ਨਾ ਛਪਵਾਉਣ ਤੋਂ ਵੱਧ ਕੁਝ ਨਹੀਂ ਹੁੰਦਾ। ਸੰਚਾਰ ਮਾਧਿਅਮਾਂ ਦੇ ਨਾਲ ਰਾਜਨੀਤਕ ਲੀਡਰਾਂ ਦਾ ਮੌਕਾਪ੍ਰਸਤੀ ਅਤੇ ਖ਼ੁਦਗਰਜ਼ੀ ਵਾਲਾ ਚਰਿੱਤਰ ਇਨ੍ਹਾਂ ਕਹਾਣੀਆਂ ਵਿਚੋਂ ਪ੍ਰਗਟ ਹੁੰਦਾ ਹੈ। ਕਹਾਣੀਕਾਰ ਨੇ ਆਪਣੇ ਪਾਤਰਾਂ ਦੇ ਮੂਹੋਂ ਕਈ ਕਥਨ ਇਨ੍ਹਾਂ ਦੇ ਅਜਿਹੇ ਦੰਬਿਤ ਚਰਿੱਤਰ ਨੂੰ ਉਘਾੜਦੇ ਬੁਲਵਾਏ ਹਨ :

ਉਸ ਦਾ ਦਿਲ ਕੀਤਾ ਸੀ ਕਿ ਟੈਲੀਫੋਨ 'ਤੇ ਹੀ ਮੋਟੀਆਂ ਮੋਟੀਆਂ ਗਾਲ੍ਹਾਂ ਕੱਢ ਕੇ ਪੁੱਛੇ, ਸਾਲਿਓ, ਤੁਹਾਨੂੰ ਕਦੇ ਭੋਰਾ ਦੁੱਖ ਵੀ ਹੋਇਆ ਏ? ਤੁਹਾਨੂੰ ਤੇ ਬਹਾਨਾ ਚਾਹੀਦਾ ਹੈ ਆਪਣਾ ਨਾਂ ਛਪਵਾਉਣ ਦਾ। ਉਸਦੇ ਵੇਖਦਿਆਂ ਵੇਖਦਿਆਂ ਹੀ ਮੰਤਰੀ 'ਤੇ ਗਾਂਧੀ ਟੋਪੀ ਆਣ ਟਿੱਕਦੀ ਹੈ : ਟੋਪੀ ਉਛਲ ਕੇ ਉਸਦੀ ਜਗ੍ਹਾ ਚਿੱਟੀ ਪੱਗ ਮੱਲ ਲੈਂਦੀ ਹੈ ਤੇ ਕਦੇ ਨੀਲੀ।

'ਤਾਜ ਤੇ ਜੁੱਤੀ' ਇਕ ਚਿਹਨਾਤਮਕ ਕਹਾਣੀ ਹੈ ਜਿਸ ਵਿਚ ਤਾਜ ਤੇ ਜੁੱਤੀ ਦੇ ਚਿਹਨਕਾਂ ਰਾਹੀਂ ਸੱਤਾ ਅਤੇ ਸ਼ਕਤੀ ਦੇ ਸੰਬੰਧਾਂ ਨੂੰ ਪੇਸ਼ ਕੀਤਾ ਗਿਆ ਹੈ। ਅਜਿਹੀ ਤਕਨੀਕਹੀ ਕਹਾਣੀਕਾਰ ਅਕਾਸ਼ ਗੰਗਾ ਦੇ ਆਰ-ਪਾਰ, ਰੁੱਖਾਂ ਦੀ ਦਾਸਤਾਨ, ਸੁੰਗੜੀਦੀਆਂ ਫੈਲਦੀਆਂ ਕੰਧਾਂ, ਸੁਰਖ ਹਾਸ਼ੀਏ ਅਤੇ ਮਿੱਟੀ ਜਾਗ ਪਈ ਕਹਾਣੀਆਂ ਵਿਚ ਵਰਤਦਾ ਹੈ। ਅਜਿਹੀ ਸ਼ੈਲੀ ਨੂੰ ਅਪਣਾਉਣ ਦਾ ਕਾਰਨ ਉਸ ਕਹਾਣੀਕਾਰ ਅਨੁਸਾਰ "ਕਈ ਦਫ਼ਾ ਆਪਣੇ ਵਿਚਾਰਾਂ ਨੂੰ ਅਭਿਵਿਅਕਤ ਕਰਨ ਲਈ ਜੋ ਮਹੌਲ ਸੌੜਾ ਦਿਸੇ ਤਾਂ ਪ੍ਰਤੀਕਾਤਮਕ ਜਾਂ ਅਜਿਹੇ ਵਾਦਾਂ ਦੇ ਪਰਿਪੇਖ ਵਿਚ ਆਉਂਦੀਆਂ ਕਹਾਣੀਆਂ ਦਾ ਜਨਮ ਹੁੰਦਾ ਹੈ।" ਉਪਰੋਕਤ ਉਪਰਲੀਆਂ ਕਹਾਣੀਆਂ ਅਤੇ ਪੁੜਾਂ 'ਚ ਪਿਸਦੇ ਲੋਕ ਕਹਾਣੀ ਹੇਠਲੇ ਵਰਗ ਦੇ ਸ਼ੋਸ਼ਿਤ, ਦਲਿਤ ਤੇ ਦੁਖਦਾਈ ਮਨੁੱਖ ਦੀਆਂ ਗਾਥਾਵਾਂ ਹਨ।

ਕਹਾਣੀ ਸੰਗ੍ਰਹਿ ਵਿਚਲੇ ਬਿਰਤਾਂਤ ਦੀ

↑

ਵਿਕਾਸ ਪ੍ਰਕਿਰਿਆ

↑

ਨਿਜਾਤ ਬਨਾਮ-ਇਨਕਲਾਬ

↑

ਮਨੁੱਖੀ ਹੋਂਦ ਬਨਾਮ-ਸੂਝ ਦੀ ਤੀਖਣਤਾ

↑

ਰੁੱਖ/ਮਿੱਟੀ ਬਨਾਮ-ਜੜ੍ਹ ਚੇਤਨਾ

↑

ਆਰੰਭ ਬਿੰਦੂ

ਵਰਿੰਦਰ ਵਾਲੀਆ ਆਪਣੀਆਂ ਕਹਾਣੀਆਂ ਵਿੱਚ ਮਨੁੱਖ ਦੇ ਵਿਕਾਸਸ਼ੀਲ ਸਰੂਪ ਨੂੰ ਸਿਰਜਦਾ ਹੈ। ਮਨੁੱਖ ਜਦ ਆਪਣੀ ਹੋਂਦ ਅਤੇ ਸਮਾਜਿਕ ਵਰਤਾਰਿਆਂ ਸੰਬੰਧੀ ਜਾਗਰੂਕ ਨਹੀਂ, ਉਸੀ ਦੀ ਸਥਿਤੀ ਮਿੱਟੀ ਅਤੇ ਰੁੱਖਾਂ ਸਮਾਨ ਹੈ। ਫਿਰ ਉਹ ਇਨ੍ਹਾਂ ਵਰਤਾਰਿਆਂ ਸੰਬੰਧੀ ਚੇਤਨ ਹੁੰਦਾ ਹੈ ਤਾਂ ਅਸਲ ਮਨੁੱਖ ਦਾ ਜਾਮਾ ਪਹਿਨਦਾ ਹੈ ਪਰ ਅਖੀਰ ਉਸ ਨੂੰ ਮਨੁੱਖ ਦੀ ਨਿਜਾਤ ਹਥਿਆਰਬੱਧ ਇਨਕਲਾਬ ਵਿਚ ਹੀ ਦਿਖਾਈ ਦਿੰਦੀ ਹੈ ਜੋ ਉਸਦੀਆਂ ਕਹਾਣੀਆਂ ਦਾ ਅਵਚੇਤਨ ਵੀ ਕਿਹਾ ਜਾ ਸਕਦਾ ਹੈ। ਜਿਸ ਨੂੰ ਪ੍ਰਤੀਕਾਤਮਕ ਤਕਨੀਕ ਨਾਲ ਪ੍ਰਗਟ ਵੀ ਕਰਦਾ ਹੈ। ਇਹ ਮਾਡਲ ਉਸ ਦੇ ਹੇਠਲੇ ਨਿਮਨਲਿਖਤ ਕਥਨਾਂ ਤੋਂ ਵੀ ਨਿਰਮਿਤ ਕੀਤਾ ਜਾ ਸਕਦਾ ਹੈ।

ਮੈਂ ਇਹ ਵੀ ਸੁਣਿਆ ਹੈ ਕਿ ਹੁਣ 'ਕਈ ਰੁੱਖ' ਹਵਾ ਦੇ ਖਿਲਾਫ਼ ਝੂਲਣ ਲੱਗ ਪਏ ਹਨ ਜਦੋਂ ਹਵਾ ਆਪਣੇ ਪੂਰੇ ਵੇਗ ਵਿਚ ਹੁੰਦੀ ਹੈ, ਅਡੋਲ ਰਹਿੰਦੇ ਹਨ।"

ਫਿਰ ਕੁਝ ਰਾਤਾਂ ਦੇ ਉਨੀਂਦਰੇ ਸਦਕਾ ਤੁਹਾਡੀਆਂ ਉਮਰ ਭਰ ਦੀਆਂ ਰਾਤਾਂ ਦਿਨਾਂ ਵਰਗੀਆਂ ਚਿੱਟੀਆਂ ਹੋ ਜਾਣਗੀਆਂ। ਇਸੇ ਲਈ ਮੈਂ ਆਪ ਸਭ ਨੂੰ ਅਰਜ਼ੋਈ ਕਰ ਰਿਹਾਂ ਕਿ ਜਾਗਦੇ ਰਹੋ।

ਜ਼ਿਮੀਂਦਾਰਾਂ ਨੇ ਪਿਛਾਂਹ ਮੁੜ ਕੇ ਨਾ ਤੱਕਿਆ। ਜਿਨ੍ਹਾਂ ਮੁੰਡਿਆਂ ਦੇ ਗੋਲੀਆਂ ਵੱਜੀਆਂ ਸਨ, ਉਨ੍ਹਾਂ ਦੇ ਕੱਪੜੇ ਲਹੂ ਨਾਲ ਲੱਥ ਪੱਥ ਹੋ ਗਏ, ਕਿਸੇ ਹੋਰ ਝੰਡੇ ਵਾਂਗ। ਤੀਵੀਆਂ, ਮਰਦਾਂ ਸਮੂਹਿਕ ਤੌਰ 'ਤੇ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ ਤੇ ਸਾਰਾ ਮਾਹੌਲ ਹੀ ਸੁਰਖ ਹੋ ਗਿਆ।

ਇਸ ਸਾਰੇ ਅਧਿਐਨ ਉਪਰੰਤ ਵਰਿੰਦਰ ਵਾਲੀਆ ਦੀਆਂ ਇਹ ਕਹਾਣੀਆਂ ਕਿਸੇ ਸਿੱਧੇ ਪੱਧਰੇ ਰਾਹ ਵਰਗੀਆਂ ਨਹੀਂ ਸਗੋਂ ਪੱਗ ਡੰਡੀਆਂ ਵਰਗੀਆਂ ਹਨ। ਵਰਿੰਦਰ ਵਾਲੀਆ ਇਸ

ਕਹਾਣੀ ਸੰਗ੍ਰਹਿ ਨਾਲ ਗਲਪ ਸਾਹਿਤ ਵਿਚ ਇਕ ਹੁਨਰਵੰਦ ਗਲਪਕਾਰ ਵਜੋਂ ਆਪਣਾ ਨਾਮ ਦਰਜ ਕਰਦਾ ਹੈ। ਵਿਸ਼ੇਗਤ ਸਰੋਕਾਰਾਂ ਤਹਿਤ ਉਹ ਸਥਾਨਕ ਸਮਾਜਿਕ ਵਰਤਾਰਿਆਂ ਨੂੰ ਹੀ ਮੁਖਾਤਿਬ ਹੁੰਦਾ ਹੈ। ਅੰਤਰ-ਰਾਸ਼ਟਰੀ ਵਰਤਾਰਿਆਂ ਦਾ ਸਥਾਨਕ ਸਮਾਜਿਕ ਮਸਲਿਆਂ ਨਾਲ ਜਾਂ ਸਥਾਨਕ ਮਸਲਿਆਂ ਦਾ ਅੰਤਰ-ਰਾਸ਼ਟਰੀ ਸਰੋਕਾਰਾਂ ਨਾਲ ਉਹ ਸੰਬੰਧ ਜੋੜਨ ਵਿੱਚ ਅਸਮਰੱਥ ਰਹਿੰਦਾ ਹੈ। ਪਰ ਜਿਹੜੇ ਸਰੋਕਾਰ ਉਸਦੀਆਂ ਕਹਾਣੀਆਂ ਦੀ ਆਧਾਰ-ਵਸਤੂ ਬਣਦੇ ਹਨ ਉਹ ਉਨ੍ਹਾਂ ਪ੍ਰਤੀ ਕਿਸੇ ਧੁੰਧਲਕੇ ਵਿਚ ਨਹੀਂ ਰਹਿੰਦਾ ਸਗੋਂ ਪੂਰੀ ਤਰ੍ਹਾਂ ਸਪੱਸ਼ਟ ਹੈ।

✤